# 'ZAFARNAMA' - LIKHTI ROOP VICH IK RUHANI GAVAHI

# 'ਜ਼ਫ਼ਰਨਾਮਾ' - ਲਿਖਤੀ ਰੂਪ ਵਿਚ ਇਕ ਰੂਹਾਨੀ ਗਵਾਹੀ

**ਡਾ. ਬੇਅੰਤ ਕੌਰ** (Dr. Beant Kaur)

**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,**

**ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ 26, ਚੰਡੀਗੜ੍ਹ।**

Email ID: beantkaur016@gmail.com **ਮੋਬਾਈਲ**: +91-99887-94880

**ਸਾਰ (Abstract)**

*ਭਾਵੇਂ ਜ਼ਫ਼ਰਨਾਮਾ ਲਿਖਤੀ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਰਾਹੀਂ ਉਸ ਸਮੇਂ ਹੋਂਦ ਵਿਚ ਆਇਆ ਪਰੰਤੂ ਇਸ ਜ਼ਫ਼ਰਨਾਮੇ ਦੀ ਅਦ੍ਰਿਸ਼ਟ ਹੋਂਦ ਦਾ ਸੁਜੀਵ ਅਹਿਸਾਸ ਹਰ ਗੁਰੂ ਦੀ ਬਾਣੀ ਅਤੇ ਉਸਦੇ ਜੀਵਨ ਅਮਲ ਦੇ ਅੰਗ-ਸੰਗ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਇਹ ਜ਼ਫ਼ਰਨਾਮਾ ਲਿਖਿਆ ਉਸ ਤੋਂ ਬਹੁਤ ਥੋੜ੍ਹਾ ਸਮਾਂ ਪਹਿਲਾ ਉਨ੍ਹਾਂ ਨੇ ਆਪਣੀ ਆਖਰੀ ਜੰਗ ਮੁਕਤਸਰ ਦੇ ਸਥਾਨ ਤੇ ਚਾਲੀ ਮੁਕਤਿਆਂ ਦੀ ਵਾਪਸੀ ਉਪਰੰਤ ਲੜੀ; ਵਿਸ਼ਵ ਪੈਗ਼ੰਬਰਾਂ ਦੇ ਸੰਬੰਧ ਵਿਚ ਦੁਨੀਆਂ ਦੀ ਇਹ ਸਭ ਤੋਂ ਮਹਾਨ ਪਵਿੱਤਰ ਮਹਾਂ-ਜੰਗ ਹੈ, ਜਿਸ ਦੇ ਅਰਥ ਅਤੇ ਗਹਿਰਾਈ ਅਕੱਥ ਹਨ। ਸਿੱਖ ਅਰਦਾਸ ਵਿਚ ਪੰਜ ਪਿਆਰੇ, ਚਾਰ ਸਾਹਿਬਜਾਦੇ ਅਤੇ ਇਸ ਪਿੱਛੋਂ ਚਾਲੀ ਮੁਕਤਿਆਂ ਦਾ ਜਿਕਰ ਆਉਣਾ ਖਾਲਸਾ ਪੰਥ ਦੀ ਅਕਾਲ ਫ਼ਤਹ ਨਾਲ ਜੁੜੀ ਉੱਚੀ ਸੁਰਤਿ ਵਿਚ ਵਿਸ਼ੇਸ਼ ਸਥਾਨ ਹਾਸਲ ਹੋਣ ਦੀ ਗਵਾਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਾ' ਜਿਸ ਅੰਦਾਜ਼ ਵਿਚ ਲਿਖਿਆ ਉਸ ਅੰਦਾਜ਼ ਤੋਂ ਉਨ੍ਹਾਂ ਦੀ ਵਿਸ਼ਵ ਧਰਮਾਂ ਦੇ ਪੈਗ਼ੰਬਰਾਂ ਅਤੇ ਅਵਤਾਰਾਂ ਵਿਚੋਂ ਇਕ ਬੁਲੰਦ ਉਚਾਈ ਦਾ ਪਤਾ ਲਗਦਾ ਹੈ ਅਤੇ ਦੂਸਰਾ ਇਹ ਵੀ ਕਿ ਉਨ੍ਹਾਂ ਨੇ ਖਾਲਸੇ ਨੂੰ ਜਿਹੜਾ ਮਹਾਨ ਜੀਵਨ ਪ੍ਰਦਾਨ ਕੀਤਾ ਹੈ ਉਹਦੇ ਸਿਦਕ ਦੇ ਰਾਹ ਸਦਾ ਹੀ ਆਬਾਦ ਰਹਿਣਗੇ।*

***ਕੀਵਰਡ (Keyword): ਗੁਰੂ ਗੋਬਿੰਦ ਸਿੰਘ, 'ਜ਼ਫ਼ਰਨਾਮਾ', ਅਧਿਆਤਮਕ, ਅੰਤਰ-ਦ੍ਰਿਸ਼ਟੀ, ਸਿੱਖ ਧਰਮ, ਖਾਲ਼ਸਾ ਪੰਥ।***

ਰੱਬੀ ਸਹਿਨਸ਼ਾਹਤ ਦੀ ਨਦਰ ਵਿਚ ਪਰੂਚੀਆਂ ਹੋਈਆਂ ਰੱਬ ਦੀਆਂ ਰਹਿਮਤਾਂ, ਬਰਕਤਾਂ, ਅਤੇ ਬਖ਼ਸ਼ਿਸ਼ਾਂ ਦੀ ਸ਼ਾਨ ਬਿਲਕੁਲ ਵੱਖਰੀ ਹੁੰਦੀ ਹੈ। ਇਸਦੇ ਉਲਟ, ਦੂਸਰੇ ਪਾਸੇ ਸੰਸਾਰੀ ਸ਼ਾਨ ਬੇਸ਼ੱਕ ਆਪਣੀ ਸਿਖਰ ਉੱਤੇ ਵੀ ਪਹੁੰਚ ਜਾਵੇ, ਪਰੰਤੂ ਨਾ- ਮੁਕੰਮਲ ਅਤੇ ਅਧੂਰੀ ਹੀ ਹੁੰਦੀ ਹੈ, ਯਕੀਨਨ ਉਦੋਂ, ਜਦ ਸੰਸਾਰੀ ਸੋਚਣੀ ਦੀ ਸੁਹਜਮਈ ਦ੍ਰਿਸ਼ਟੀ ਆਪਣੇ ਵਿਚੋਂ ਤ੍ਰਿਸ਼ਨਾਵਾਂ, ਲਾਲਸਾਵਾਂ ਅਤੇ ਸੁਆਰਥਾਂ ਦੇ ਸੋਮੇ ਦੀ ਰਲਾਵਟ ਸਦਕਾ ਆਪਣਾ ਸੂਖ਼ਮ ਅਤੇ ਰਹੱਸਮਈ ਅਸਲ ਗੁਆਚ ਲੈਂਦੀ ਹੈ। ਇਹੋ ਕਾਰਨ ਹੈ ਕਿ ਕਈ ਵਾਰ ਸੰਸਾਰੀ ਸ਼ਾਨ ਆਪਣੀ ਸਿਖ਼ਰ ਉੱਤੇ ਪਹੁੰਚ ਕੇ ਵੀ ਇਸ ਨੂੰ ਪਹਿਚਾਨਣ ਤੋਂ ਅਸਮਰੱਥ ਹੋ ਜਾਂਦੀ ਹੈ। ਪਰੰਤੂ ਰੱਬੀ ਸਹਿਨਸ਼ਾਹਤ ਦੀ ਪਾਰਦਰਸ਼ਤਾ ਅਜਿਹੀ ਹਰ ਦੁਨਿਆਵੀ ਛੋਹ ਤੋਂ ਸੁਤੰਤਰ ਹੈ। ਇਸੇ ਉਪਰੋਕਤ ਦਰਸਾਏ ਨੁਕਤੇ ਦੀ ਪਕੜ ਵਿਚ ਅਸੀਂ ਯਤਨ ਕਰਾਂਗੇ ਕਿ 'ਸਹਿਜੇ ਰਚਿਓ ਖਾਲਸਾ' ਦੀ ਪੰਜਵੀਂ ਕਿਤਾਬ 'ਜ਼ਫ਼ਰਨਾਮਾ' ਵਿਚ ਹਰਿੰਦਰ ਸਿੰਘ ਮਹਿਬੂਬ ਨੇ ਮੁਗਲ਼ ਬਾਦਸ਼ਾਹਾਂ ਦੀ ਸ਼ਖ਼ਸੀਅਤ ਦੇ ਬਾਹਰਮੁਖੀ ਅਤੇ ਅੰਤਰਮੁਖੀ ਰਹੱਸ ਨੂੰ ਪੇਸ਼ ਕਰਦਿਆਂ, ਗੁਰੂ ਨਾਨਕ ਸੱਚ ਰਾਹੀਂ ਜ਼ਫ਼ਰਨਾਮੇ ਕਿਹੋ –ਜਿਹੀ ਅਧਿਆਤਮਕ ਖੂਬਸੂਰਤੀ ਨੂੰ ਬੇਨਕਾਬ ਕੀਤਾ ਹੈ, ਇਸ ਨੂੰ ਗਹਿਰਾਈ ਨਾਲ ਜਾਣਿਆ ਜਾ ਸਕੇ।

ਦਸਵੀਂ ਨਾਨਕ ਜੋਤ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ, ਕੀ 'ਜ਼ਫ਼ਰਨਾਮਾ' ਗੁਰੂ ਨਾਨਕ ਅਮਲ ਦੇ ਮੁਕੰਮਲ ਹੋਣ ਦੀ ਆਖ਼ਰੀ ਛੋਹ ਹੈ, ਕੀ 'ਜ਼ਫ਼ਰਨਾਮਾ' ਅਧਿਆਤਮਕ ਚਰਿਤਰ ਦੇ ਜੇਤੂ ਹੋਣ ਦਾ ਇਤਿਹਾਸਕ ਫੈਸਲਾ ਹੈ, ਕੀ 'ਜ਼ਫ਼ਰਨਾਮੇ' ਦਾ ਲਿਖਿਆ ਜਾਣਾ ਇਲਾਹੀ ਬਾਣੀ 'ਸੁਖਮਨੀ ਸਾਹਿਬ' ਵਿਚਲੀ ਤੇਰ੍ਹਵੀਂ ਅਸ਼ਟਪਦੀ ਵਿਚ *"ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ॥"* [1] ਦੇ ਜਾਹਿਰ ਹੁੰਦੇ ਕਿਸੇ ਰੂਹਾਨੀ ਭੇਦ ਵਾਂਗ ਸਹਿਨਸ਼ਾਹ ਉੱਤੇ ਵੀ ਰਹਿਮਤ ਭਰੀ ਇਕ ਬਖ਼ਸ਼ਿਸ਼ ਹੀ ਹੈ; ਵਿਸ਼ਵ ਧਰਮਾਂ ਦੇ ਸੰਦਰਭ ਵਿਚ ਹਰਿੰਦਰ ਸਿੰਘ ਮਹਿਬੂਬ ਰਚਿਤ ਪੁਸਤਕ 'ਸਹਿਜੇ ਰਚਿਓ ਖਾਲਸਾ' ਦੀ 'ਜ਼ਫ਼ਰਨਾਮਾ' ਕਿਤਾਬ ਵਿਚ ਅਜਿਹੇ ਸਵਾਲਾਂ ਦੇ ਹਰੇਕ ਜਵਾਬ ਨੂੰ ਬਾਖੂਬੀ ਜਾਣਿਆ ਜਾ ਸਕਦਾ ਹੈ। ਪਰੰਤੂ ਇਸ ਪਰਚੇ ਦੀ ਚਰਚਾ ਦੇ ਵਿਸ਼ੇ ਦੇ ਤੌਰ 'ਤੇ 'ਸਹਿਜੇ ਰਚਿਓ ਖਾਲਸਾ' ਦੀ ਪੰਜਵੀਂ ਕਿਤਾਬ 'ਜ਼ਫ਼ਰਨਾਮਾ' ਰਾਹੀਂ ਗੁਰੂ ਗੋਬਿੰਦ ਸਿੰਘ ਰਚਿਤ 'ਜ਼ਫ਼ਰਨਾਮੇ' ਦੀ ਜਿਸ ਅਧਿਆਤਮਕ ਖੂਬਸੂਰਤੀ ਨੂੰ ਸਾਕਾਰ ਕੀਤਾ ਹੈ, ਅਸੀਂ ਕੇਵਲ ਇਹੋ ਅਹਿਮ ਪਹਿਲੂਆਂ ਨੂੰ ਵਿਸ਼ੇਸ਼ ਤੌਰ 'ਤੇ

ਖੋਜ ਸੰਦਰਭ ਅਧੀਨ ਲਿਆਂਦਾ ਹੈ।

ਇਸਦੇ ਨਾਲ ਹੀ, ਲੇਖਕ ਮਹਿਬੂਬ ਦੀ ਇਕ ਸੌ ਨੌਂ ਪੰਨਿਆਂ ਦੀ ਇਸ ਕਿਤਾਬ ਨੂੰ ਵਿਚਾਰਦਿਆਂ ਜਿਹੜੇ ਖਿਆਲ ਉਭਰਦੇ ਹਨ, ਉਨ੍ਹਾਂ ਤੋਂ ਪਹਿਲਾਂ 'ਜ਼ਫ਼ਰਨਾਮਾ' ਦੇ ਸ਼ਾਬਦਿਕ ਅਰਥਾਂ ਨੂੰ ਸਪੱਸ਼ਟ ਕਰਨਾ, ਇਸ ਪਰਚੇ ਵਿਚ ਵਿਸ਼ੇਸ਼ ਤੌਰ 'ਤੇ ਵਰਨਣ ਕਰਨਾ ਭਲੀਂ ਭਾਂਤ ਅਤਿ ਜ਼ਰੂਰੀ ਜਾਪਦਾ ਹੈ। *'ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਜ਼ਫ਼ਰਨਾਮਾ ਦੇ ਅਰਥ ਜ਼ਫ਼ਰਨਾਮਹ, ਵਿਜਯ-ਪਤ੍ਰ, ਫ਼ਤੇ ਦਾ ਖ਼ਤ੍ਰ ਆਦਿ ਕੀਤੇ ਹਨ।*[2] ਇਸ ਤਰ੍ਹਾਂ, ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਰਚਿਤ ਜ਼ਫ਼ਰਨਾਮਾ 'ਜਿੱਤ ਦਾ ਖ਼ਤ' ਹੈ। ਹਰਿੰਦਰ ਸਿੰਘ ਮਹਿਬੂਬ ਰਚਿਤ ਵਾਰਤਕ ਪੁਸਤਕ 'ਸਹਿਜੇ ਰਚਿਓ ਖਾਲਸਾ' ਦੀ ਪੰਜਵੀਂ ਕਿਤਾਬ 'ਜ਼ਫ਼ਰਨਾਮਾ' ਦੇ ਪੜਚੋਲਮਈ ਅਧਿਐਨ ਉਪਰੰਤ 'ਜ਼ਫ਼ਰਨਾਮੇ' ਦੇ ਜਿਹੜੇ ਇਲਾਹੀਂ ਭੇਦ ਬਹੁ-ਦਿਸ਼ਾਵਾਂ ਵਿਚ ਸਾਕਾਰ ਹੋਏ, ਉਨ੍ਹਾਂ ਦੇ ਪ੍ਰਗਟਾਵੇ ਦੇ ਤੌਰ'ਤੇ ਅਸੀਂ ਇਸ ਪ੍ਰਸੰਗ ਤਹਿਤ ਆਪਣੀ ਸੂਝ ਦਾ ਹਿੱਸਾ ਬਣਾਉਣ ਦਾ ਯਤਨ ਕਰਾਂਗੇ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਜ਼ਫ਼ਰਨਾਮਾ' ਰੱਬੀ ਨਿਆਂ ਦਾ ਆਧਾਰ ਰੂਪ ਹੈ। ਰੱਬੀ ਨਿਆਂ ਨੂੰ 'ਡਿਵਾਈਨ ਲਾਅ' ਕਹਿੰਦੇ ਹਨ। ਪੁਰਾਣੀ ਬਾਇਬਲ ( The Old Testament ) ਦੇ ਪੈਗ਼ੰਬਰ ਜਿਨ੍ਹਾਂ ਨੂੰ ਕੋਹ ਤੂਰ ਪਹਾੜ 'ਤੇ ਰੋਸ਼ਨੀ ਹੋਈ ਸੀ, ਹਜ਼ਰਤ ਮੂਸ ਨੂੰ 'ਡਿਵਾਇਨ ਲਾਅ' ਦਾ ਪੈਗ਼ੰਬਰ ਕਹਿੰਦੇ ਹਨ। ਇਸੇ ਤਰ੍ਹਾਂ ਮਹਾਤਮਾ ਬੁੱਧ ਨੂੰ ਵੀ 'ਡਿਵਾਇਨ ਲਾਅ' ਦਾ ਪੈਗ਼ੰਬਰ ਹੀ ਮੰਨਿਆ ਜਾਂਦਾ ਹੈ। *'ਇਸਲਾਮ' ਦਾ ਮਾਇਨਾ ਵੀ ਲਾਅ ਆਫ਼ ਗੌਡ ਅਤੇ "ਰੱਬ ਦੀ ਰਜਾ ਵਿਚ ਸਿਰ ਝੁਕਾਉਣਾ, ਰੱਬ ਦੀ ਰਜਾ ਵਿਚ ਰਾਜੀ ਰੈਹਣਾ"*[3] ਆਦਿ ਹੈ। ਸੋ ਜਿੰਨੇ ਵੀ ਧਰਮ ਹਨ ਸਾਰੇ ਆਦਮੀ/ ਮਨੁੱਖ ਨੂੰ ਨਿਆਂ ਦੇਣ ਵਾਲੇ ਰੱਬੀ ਨਿਆਂ ਦੇ ਧਰਮ ਹਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਲਿਖਿਆ, ਔਰੰਗਜੇਬ ਜਿਹੜਾ ਇਕ ਬਾਦਸ਼ਾਹ ਹੈ ਓਸ ਵਕਤ ਗੁਰੂ ਦੇ ਸਾਹਮਣੇ ਔਰੰਗਜੇਬ ਦੇ ਨਾਲ ਗੁਰੂ ਦਾ ਆਪਣਾ ਆਪ ਵੀ ਹੈ, ਗੁਰੂ ਨੇ ਰੱਬ ਦੇ ਵੱਡੇ ਨੇਮ ਵਿਚ ਉਹਨੂੰ ਜਾਹਿਰ ਕਰਕੇ ਦੱਸ ਦਿੱਤਾ ਕਿ ਤੇਰੀ ਕੀ ਥਾਂ ਹੈ ਅਤੇ ਮੇਰੀ ਕੀ ਥਾਂ ਹੈ, ਜੇ ਤੈਨੂੰ ਕੋਈ ਇਤਰਾਜ਼ ਹੈ ਤਾਂ ਤੂੰ ਦੱਸ ਸਕਦਾ ਹੈਂ ਕਿ ਮੈਂ ਤੈਨੂੰ ਜਿਹੜੀ ਗੱਲ ਕਹੀ ਹੈ, ਇਹਦੇ ਵਿਚ ਸਚਾਈ ਨਹੀਂ। 'ਡਿਵਾਇਨ ਲਾਅ' ਵਿਚ ਮਨਾਉਣ ਦੀ ਤਾਕਤ ਵੀ ਹੁੰਦੀ ਹੈ। ਗੁਰੂ ਬਾਰੇ ਹਰਿੰਦਰ ਸਿੰਘ ਮਹਿਬੂਬ ਦਾ ਜੋ ਕਹਿਣਾ ਹੈ ਉਸਨੂੰ ਇਥੇ ਹਵਾਲੇ ਵਜੋਂ ਪੇਸ਼ ਕਰਨਾ ਉਚਿਤ ਸਮਝਾਂਗੇ :

*"ਗੁਰੂ ਦ੍ਰਿਸ਼ਟਮਾਨ ਇਕਾਈ ਨਹੀਂ ਗੁਰੂ ਤਾਂ ਗੁਰੂ-ਲਿਵ ਵਿਚ ਜਿਉਂ ਰਹੀ ਸਿਖ਼ਰ ਦਾ ਨਾਂ ਹੈ।"*[4]

ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਾ' ਲਿਖਿਆ। ਉਪਰੋਕਤ ਦਰਸਾਏ ਅਨੁਸਾਰ ਕਿ 'ਡਿਵਾਇਨ ਲਾਅ' ਮਨਾਉਣ ਦੀ ਤਾਕਤ ਵੀ ਰੱਖਦਾ ਹੈ, ਉਹਦੇ ਵਿਚ ਝੂਠਾ ਕਦੇ ਇਹ ਨਹੀਂ ਕਹਿ ਸਕਦਾ ਕਿ ਮੈਂ ਸੱਚਾ ਹਾਂ। ਜਿਵੇਂ ਗੁਰੂ ਨਾਨਕ ਸਾਹਿਬ ਨੇ ਜੇਕਰ ਬ੍ਰਾਹਮਣ ਨੂੰ ਪਾਖੰਡੀ ਵੀ ਕਿਹਾ ਤਾਂ ਬ੍ਰਾਹਮਣ ਨੇ ਉਸ ਨੂੰ ਸਵੀਕਾਰ ਕਰ ਲਿਆ ਅਤੇ ਨੀਵਾਂ ਹੋ ਗਿਆ। ਜੇਕਰ ਉਨ੍ਹਾਂ ਨੇ ਕਿਹਾ *"ਕੂੜ ਨਿਖੁਟੇ ਨਾਨਕਾ ਓੜਕ ਸਚਿ ਰਹੀ"*[5] ਤਾਂ ਕਿਸੇ ਨੇ ਗਿਲਾ ਨਹੀਂ ਕੀਤਾ। ਜੇਕਰ ਉਹ ਦੁਨੀਆਂ ਨੂੰ *"ਅਸੰਖ ਚੋਰ ਹਰਾਮ ਖੋਰ"*[6] ਕਹਿੰਦੇ ਹਨ ਤਾਂ ਹਰੇਕ ਨੇ ਇਹ ਮੰਨ ਲਿਆ ਕਿ ਅਸੀਂ ਵੀ ਉਨ੍ਹਾਂ ਵਿਚੋਂ ਹੀ ਹਾਂ। ਇਸ ਲਈ, ਡਿਵਾਇਨ ਲਾਅ ਦੇ ਪਿੱਛੇ ਰੱਬ ਦਾ ਇਕ ਬਹੁਤ ਵੱਡਾ ਸਿਦਕ ਖੜਾ ਹੁੰਦਾ ਹੈ। ਉਹਨੂੰ ਮਨਾਉਣ ਜਾਂ ਹਾਂ-ਨਾਂਹ ਦੀ ਲੋੜ ਹੀ ਨਹੀਂ ਹੁੰਦੀ ਅਤੇ ਉਹਦੇ ਨਾਲ ਸਦੀਵੀ ਸਹਿਮਤੀ ਹੀ ਹੁੰਦੀ ਹੈ। ਇਸੇ ਕਰਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਸੱਚ, ਜਿਹੜਾ ਪਵਿੱਤਰ ਨੇਮ ਹੈ, ਉਹਦਾ ਜਿੰਦਗੀਂ ਵਿਚ ਪ੍ਰਕਾਸ਼ ਕਰਦੇ ਹਨ ਤਾਂ ਉਹਦੇ ਵਿਚ ਜ਼ਫ਼ਰਨਾਮਾ ਲਿਖਦੇ ਹਨ। ਉਹਦੇ ਵਿਚ ਹੀ ਬਾਦਸ਼ਾਹ ਦੀ ਥਾਂ ਵੀ ਦੱਸਦੇ ਹਨ ਕਿ ਜਦ ਤਾਂ ਬਾਦਸ਼ਾਹ ਕੁਰਾਨ ਦੇ ਨੇੜੇ ਹੈ, ਓਦੋਂ ਤਾਂ ਕੁਰਾਨ ਦੀਆਂ ਹਦਾਇਤਾਂ ਦੀ ਵੀ ਪਾਲਣਾ ਕਰ ਰਿਹਾ ਹੈ ਪਰ ਜਦੋਂ ਕੁਰਾਨ ਤੋਂ ਦੂਰ ਹੋ ਜਾਂਦਾ ਹੈ ਤਾਂ ਰੱਬੀ ਨਿਆਂ ਤੋਂ ਵੀ ਦੂਰ ਹੋ ਜਾਂਦਾ ਹੈ। ਇਸੇ ਕਰਕੇ, ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਤੂੰ ਕੁਰਾਨ ਦੀ ਕਸਮ ਖਾਧੀ ਸੀ, ਮੈਂ ਤੇਰੇ ਤੇ ਯਕੀਨ ਕਰ ਲਿਆ, ਬੇਸ਼ੱਕ ਤੂੰ ਕੁਰਾਨ ਨੂੰ ਭੁਲਾ ਦਿੱਤਾ, ਦੌਲਤ ਪ੍ਰਸਤ ਹੋ ਗਿਆ। ਪਰ ਵੇਖ, *"ਨ ਪੇਚੀਦਹ ਮੂਏ ਨ ਰੰਜੀਦਹ ਤਨ"*[7] ਮੈਂ ਤੇਰੀ ਵੀਹ ਲੱਖ ਦੀ ਭਾਰੀ ਫੌਜ ਵਿਚੋਂ ਵੀ ਸਲਾਮਤ ਚਲਾ ਗਿਆ; ਕਿਉਂਕਿ ਰੱਬ ਉਹਦੀ ਮਦੱਦ ਆਪ ਕਰਦਾ ਹੈ ਜਿਹੜਾ ਉਹਦੀ ਨੇੜੇ ਦੀ ਚੀਜ਼ 'ਤੇ ਯਕੀਨ ਕਰਦਾ ਹੈ।

ਇਸ ਤਰ੍ਹਾਂ ਜ਼ਫ਼ਰਨਾਮੇ ਦੀ ਅੰਤਰ-ਦ੍ਰਿਸ਼ਟੀ ਤੋਂ ਸਪੱਸ਼ਟ ਹੁੰਦਾ ਹੈ ਕਿ ਬੰਦੇ ਦੀ ਅਕਲ ਤਾਂ ਜ਼ਰੂਰ ਧੋਖਾ ਖਾ ਸਕਦੀ ਹੈ ਪਰ ਰੱਬ ਦੀ ਅਕਲ ਕਦੇ ਧੋਖਾ ਨਹੀਂ ਖਾਂਦੀ। ਗੁਰੂ ਸਾਹਿਬ ਜ਼ਫ਼ਰਨਾਮੇ ਵਿਚ ਰੱਬ ਦੇ ਨੇਮ ਨੂੰ ਕੱਲੀ- ਕੱਲੀ ਚੀਜ਼ ਉੱਤੇ ਲਾਗੂ ਕਰਕੇ ਉਹਦੇ ਨਾਲ ਪੂਰਾ-ਪੂਰਾ ਨਿਆਂ ਕਰਦੇ ਹਨ। ਉਹਨਾਂ ਦੀ ਫੌਜ਼ ਦੇ ਕੱਲੇ-ਕੱਲੇ ਬੰਦੇ ਉੱਤੇ ਨਿਗਾਹ ਹੈ, ਇਸ ਤਰ੍ਹਾਂ ਉਹ ਲੜਦੇ ਹੀ ਨਹੀਂ, ਸਗੋਂ ਲੜਾਈ ਵਿਚ ਕੱਲੀ- ਕੱਲੀ ਚੀਜ਼ ਨਾਲ ਨਿਆਂ ਵੀ ਕਰਦੇ ਹਨ।

'ਜ਼ਫ਼ਰਨਾਮੇ' ਦੀ ਅੰਤਰ-ਦ੍ਰਿਸ਼ਟੀ ਸਾਬਤ ਕਰਦੀ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਮੁਗਲ ਬਾਦਸ਼ਾਹ ਔਰੰਗਜੇਬ ਨੂੰ ਜ਼ਫ਼ਰਨਾਮੇ ਰਾਹੀਂ ਉਹਦੇ ਅੰਦਰਲੇ ਕਾਲੇ ਅਸਲ ਨੂੰ ਦਿਖਾਉਣ ਦੇ ਨਾਲ-ਨਾਲ ਸੂਖ਼ਮ ਰੂਹਾਨੀ ਚਿਣਗ ਦੀ ਰੋਸ਼ਨੀ ਨੂੰ ਵੀ ਜਗਾਇਆ, ਜਿਸ ਕਰਕੇ ਮੁਗ਼ਲ ਔਰੰਗਜੇਬ 'ਜ਼ਫ਼ਰਨਾਮੇ' ਨੂੰ ਆਪਣੀ ਬੇਟੀ ਕੋਲੋਂ ਸੁਣਦੇ ਸਾਰ ਹੀ ਆਪਣੇ ਕੀਤੇ ਭਾਰੀ ਗੁਨਾਹਾਂ ਤੋਂ ਅਜਿਹਾ ਡੋਲ ਜਾਂਦਾ ਹੈ ਕਿ ਉਹਦੀ ਚੇਤਨਾ ਅੰਦਰ ਆਪਣੇ ਕੀਤੇ ਭਾਰੀ ਗੁਨਾਹਾਂ ਦਾ ਜੋਰਦਾਰ ਅਹਿਸਾਸ ਜਾਗਦਾ ਹੈ। ਉਹਦੀ ਚੇਤਨਾ ਅੰਦਰੋਂ ਅਜਿਹਾ ਹਲੂਣਾ ਦਿੰਦੀ ਹੈ, ਜਿਸ ਨਾਲ ਉਹਦੇ ਗੁਨਾਹਗਾਰ ਆਪੇ ਉੱਤੇ ਵੇਦਨਾ ਭਾਰੀ ਹੋਣੀ ਸ਼ੁਰੂ ਹੋ ਜਾਂਦੀ ਹੈ, ਪਰੰਤੂ ਉਹਦੇ ਅੰਦਰਲੀ ਵੇਦਨਾਮਈ ਤੜਫ਼ ਏਨੇ ਭਾਰੀ ਗੁਨਾਹਾਂ ਦੇ ਸਾਹਮਣੇ ਵੀ ਪਛਤਾਵੇ ਦੇ ਰੂਪ ਵਿਚ ਨਾ ਕਾਫੀ ਹੀ ਰਹਿੰਦੀ ਹੈ। ਉਹ ਜਲਦ ਹੀ, ਆਪਣੇ ਗੁਨਾਹਾਂ ਦੇ ਭਾਰ ਹੇਠ ਦਬ ਕੇ ਏਸ ਫਾਨੀ ਸੰਸਾਰ ਨੂੰ ਅਲਵਿਦਾ ਆਖਣ ਤੋਂ ਪਹਿਲਾਂ ਹੀ ਗੁਰੂ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਇਸ ਖਿਆਲ ਦੀ ਵਧੇਰੇ ਦ੍ਰਿੜਤਾ ਲਈ ਅਸੀਂ ਏਥੇ ਹਰਿੰਦਰ ਸਿੰਘ ਮਹਿਬੂਬ ਦੇ ਸ਼ਬਦਾਂ ਵਿਚ ਹਵਾਲਾ ਪੇਸ਼ ਕਰਨਾ ਉਚਿਤ ਸਮਝਾਂਗੇ :

*"ਜ਼ਫ਼ਰਨਾਮਾ ਸ਼ਹਿਨਸ਼ਾਹ ਦੀ ਰੂਹ ਨੂੰ ਹਲੂਣਦਾ ਹੈ। ਉਹਦੀ ਅਪਰਤੱਖ ਨਾਲ ਜੁੜੀ ਚੇਤਨਾ ਵੱਲੋਂ ਉਹਦੀ ਸੋਚਣੀ ਵਿਚ ਸੱਚ ਇਕ ਧੀਮੀ ਜੇਹੀ ਜਗਮਗਾਹਟ ਕਰਦਾ ਹੈ। ਸੋ ਉਹ ਗੁਰੂ ਸਾਹਿਬ ਦੇ ਦੀਦਾਰ ਦੀ ਇਕ ਵਾਰ ਫਿਰ ਇਛਾ ਕਰਦਾ ਹੈ। ਇਨਾਇਤੁੱਲਾ ਖਾਨ ਇਸਮੀ ਦੀ ਰਚਨਾ ਅਹਿਕਾਮਿ ਆਲਮਗੀਰੀ ਇਸ ਤੱਥ ਦੀ ਗਵਾਹੀ ਦਿੰਦੀ ਹੈ।"*[8]

ਇਸ ਤੋਂ ਇਲਾਵਾ ਜਿਕਰਯੋਗ ਹੈ ਕਿ ਔਰੰਗਜੇਬ ਦੇ ਗੁਨਾਹ ਏਨੇ ਭਾਰੀ ਹੋ ਗਏ ਕਿ ਉਦੋਂ ਤੱਕ ਅਖੀਰ ਵਿਚ ਸਹਿਨਸ਼ਾਹ ਨੂੰ ਗੁਰੂ ਸਾਹਿਬ ਦੇ ਦੀਦਾਰ ਦਾ ਸੁਭਾਗ ਪ੍ਰਾਪਤ ਹੋ ਸਕਣਾ ਨਾਮੁਮਕਿਨ /ਅਸੰਭਵ ਹੀ ਹੋਵੇਗਾ। ਪਰ ਜੇਕਰ ਰਤਾ ਜਿੰਨੀ ਕੁ ਗੁੰਜਾਇਸ਼ ਵੀ ਬਾਕੀ ਹੋਈ ਸੀ ਤਾਂ ਗੁਰੂ ਸਾਹਿਬ ਨੇ ਉਸ ਵੇਲੇ ਸਹਿਨਸ਼ਾਹ ਨੂੰ ਮੌਕਾ ਜ਼ਰੂਰ ਦੇਣਾ ਸੀ।

ਇਸੇ ਤਰ੍ਹਾਂ ਜ਼ਫ਼ਰਨਾਮੇ ਦਾ ਅਦ੍ਰਿਸ਼ਟ ਰੂਪ ਦਰਸਾਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੱਕ ਕਿੰਨੇ ਹੀ ਮੁਸਲਮਾਨ ਅਜਿਹੇ ਹਨ, ਜਿਨ੍ਹਾਂ ਦੇ ਅੰਦਰਲੀ ਰੂਹਾਨੀ ਚਿਣਗ ਦੀ ਜਗਮਾਹਟ ਵਿਚ ਇਹੋ-ਜਿਹੀ ਇਲਾਹੀ ਅਦਾ ਦੀ ਰੋਸ਼ਨੀ ਹੋਈ ਹੈ ਅਤੇ ਉਹ ਗੁਰੂ ਸਾਹਿਬਾਨਾਂ ਦੀ ਮਹਾਨਤਾ ਤੋਂ ਵੀ ਜਾਣੂ ਹਨ। ਜਿਵੇਂ ਕਿ ਏਥੇ ਇਸਦੀ ਸਪੱਸ਼ਟਤਾ ਲਈ ਹਵਾਲਾ ਦੇਣਾ ਠੀਕ ਹੋਵੇਗਾ:

*"ਮਰਦਾਨਾ, ਰਾਏ ਬੁਲਾਰ, ਲੋਕ ਕਥਾ ਵਿਚ ਆਉਂਦੇ ਸੁਲਤਾਨਪੁਰ ਦੇ ਸਾਈਂ ਅੱਲਾ ਦਿੱਤਾ, ਪਾਕ ਪਟਨ ਅਤੇ ਮੁਲਤਾਨ ਦੀ ਸੂਫੀ ਦਰਵੇਸ਼ ਅਤੇ ਬਗ਼ਦਾਦ ਦੇ ਬਹਿਲੋਲ ਦਾਨਾ ਆਪਣੀ ਜੀਵਨ- ਤਰਜ਼ ਅਤੇ ਚਿੰਤਨ ਵਿਚ ਇਸਲਾਮ ਦੇ ਨੇੜੇ ਸਨ। ਇਹ ਨੇਕ ਇਨਸਾਨ ਅਜਿਹੀ ਉੱਚੀ ਸੁਰਤਿ ਦੇ ਮਾਲਕ ਸਨ, ਜੋ ਕਿ ਗੁਰੂ ਨਾਨਕ ਸਾਹਿਬ ਦੀ ਪੈਗ਼ੰਬਰੀ ਆਮਦ ਦੀ ਮਹਾਨਤਾ ਤੋਂ ਪੂਰੀ ਤਰ੍ਹਾਂ ਜਾਣੂ ਸੀ ਅਤੇ ਉਹਨਾਂ ਦੇ ਸਫ਼ਰਾਂ ਦੀ ਰਾਜ਼ਦਾਨ, ਚਿੰਤਨ ਦੀ ਰਸਿਕ ਅਤੇ ਇਲਾਹੀ ਯਾਦ ਦੀ ਹਮਸਫ਼ਰ ਮੁਰੀਦ ਸੀ।"*[9]

ਇਸ ਲਈ ਬੇਸ਼ੱਕ ਅਜਿਹੇ ਅਣਗਿਣਤ ਦਰਵੇਸ਼ ਲੋਕ ਗੁਰੂ ਸਾਹਿਬਾਨਾਂ ਦਾ ਮਹਾਨਤਾ ਨੂੰ ਸਵੀਕਾਰ ਕਰਦੇ ਹਨ ਪਰੰਤੂ ਇਸਲਾਮ ਤੋਂ ਬਾਹਰ ਵੀ ਨਹੀਂ ਆਉਂਦੇ। ਇਸੇ ਤਰ੍ਹਾਂ ਜਦੋਂ ਵੀ ਅਜਿਹੀ ਦਰਵੇਸ਼ੀ ਦੀ ਹੋਂਦ ਮੁਗ਼ਲ ਬਾਦਸ਼ਾਹਾਂ ਦੀ ਸਖ਼ਸ਼ੀਅਤ ਵਿਚ ਜਾਗਰਿਤ ਹੁੰਦੀ ਹੈ ਤਾਂ ਉਹ ਇਸਲਾਮ ਦੇ ਅਸਲ ਮਰਕਜ਼ ਵੱਲ ਮੁੜਦੇ ਹਨ ਅਤੇ ਉਨ੍ਹਾਂ ਦੀ ਸੀਰਤ ਗੁਰੂ ਨਾਨਕ-ਸੱਚ ਵੱਲ ਸਜਦਿਆਂ ਵਿਚ ਪੰਘਰਦੀ ਹੈ। ਏਸੇ ਕਰਕੇ ਹੀ ਤਾਂ ਉਹ ਕਦੇ – ਕਦੇ ਗੁਰੂ ਘਰ ਦੀ ਪੰਗਤ ਵਿਚ ਬੈਠ ਕੇ ਵੀ ਲੰਗਰ ਦਾ ਸੁਆਦ ਚੱਖਦੇ ਰਹੇ। ਇਥੋਂ ਤੱਕ ਕਿ ਉਹ ਗੁਰੂ ਘਰ ਦੇ ਲੰਗਰ ਲਈ ਜਾਗੀਰ ਦੀ ਭੇਟ ਵੀ ਕਰਦੇ ਰਹੇ। ਹਰਿੰਦਰ ਸਿੰਘ ਮਹਿਬੂਬ ਨੇ ਮੁਗ਼ਲ ਬਾਦਸ਼ਾਹ ਅਕਬਰ ਦੇ ਏਸ ਵਲਵਲੇ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿਚ ਰੂਪਮਾਨ ਕੀਤਾ ਹੈ, ਜਿਸਦਾ ਪ੍ਰਗਟਾਵਾ ਏਥੇ ਹਵਾਲੇ ਦੇ ਤੌਰ ਤੇ ਲਾਜ਼ਮੀ ਹੋਵੇਗਾ :

*"ਜਦ ਅਕਬਰ ਨੇ ਲੰਗਰ ਦੇ ਨਾਂ ਕੁੱਝ ਜਾਗੀਰ ਲਾਉਣੀ ਚਾਹੀ, ਤਾਂ ਗੁਰੂ ਸਾਹਿਬ ਨੇ ਇਨਕਾਰ ਇਸ ਲਈ ਕੀਤਾ, ਕਿਉਂਕਿ ਅਕਬਰ ਦੇ ਮਿਹਰਬਾਨ ਅੰਦਾਜ਼ ਦੇ ਪਿੱਛੇ ਵਲੀ-ਹਉਮੈ ਦਾ ਪਰਛਾਵਾਂ ਸਰਕ ਰਿਹਾ ਸੀ। ਜਦ ਬਾਦਸ਼ਾਹ ਨੇ ਬੀਬੀ ਭਾਨੀ ਨੂੰ ਆਪਣੀ ਬੱਚੀ ਆਖ ਕੇ ਪਿੰਡ ਦੇਣੇ ਚਾਹੇ, ਤਾਂ ਗੁਰੂ ਸਾਹਿਬ ਨੇ ਇਸ ਪੇਸ਼ਕਸ ਨੂੰ ਇਸ ਲਈ ਮੰਨਜੂਰ ਕੀਤਾ ਕਿਉਂਕਿ ਅਕਬਰ ਦੀ ਵਲੀ-ਹਉਮੈ ਦੇ ਸਮਾਂਨਾਂਤਰ ਫ਼ਰਾਖ਼ਦਿਲੀ ਅਤੇ ਇਨਸਾਨੀ ਮੁਹੱਬਤ ਦੀ ਇਲਾਹੀ ਤਾਸੀਰ ਰੱਖਣ ਵਾਲਾ ਵਲਵਲਾ ਪੈਦਾ ਹੋ ਗਿਆ ਸੀ।"*[10]

ਏਸੇ ਕਰਕੇ ਇਸ ਉਪਰੋਕਤ ਪ੍ਰਸੰਗ ਵਿਚ ਵੇਖਿਆ, ਗੁਰੂ ਘਰ ਦਾ ਬਾਦਸ਼ਾਹ ਦੀ ਏਸ ਪੇਸ਼ਕਸ ਨੂੰ ਪ੍ਰਵਾਨ ਕਰਨਾ ਯਕੀਨੀ ਹੋਵੇਗਾ। ਕਿਹਾ ਜਾ ਸਕਦਾ ਹੈ ਕਿ ਉਸ ਵਕਤ ਬਾਦਸ਼ਾਹ ਦੇ ਚਿਹਰੇ ਅੰਦਰ ਇਨਸਾਨੀ ਮੁਹੱਬਤ

ਦੀ ਇਲਾਹੀ ਤਾਸੀਰ ਜ਼ਰੂਰ ਹੀ ਰੂਹਤਾਸ ਦੇ ਚਸ਼ਮੇ ਦੇ ਫੁੱਟਣ ਵਾਂਗ ਹੋਵੇਗੀ।

ਹਰਿੰਦਰ ਸਿੰਘ ਮਹਿਬੂਬ ਨੇ 'ਸਹਿਜੇ ਰਚਿਓ ਖਾਲਸਾ' ਦੀ ਇਸ ਪੁਸਤਕ ਵਿਚ 'ਜ਼ਫ਼ਰਨਾਮੇ' ਦੀ ਜਿਸ ਅਧਿਆਤਮਕ ਖੂਬਸੂਰਤੀ ਨੂੰ ਬੇਨਕਾਬ ਕੀਤਾ ਹੈ ਉਸ ਦਾ ਅਗਲੇਰਾ ਪਹਿਲੂ ਇਹ ਹੈ ਕਿ ਜਿਸ ਤਰ੍ਹਾਂ ਉਪਰੋਕਤ ਪ੍ਰਸੰਗ ਵਿਚ ਵੀ ਸਪੱਸ਼ਟ ਹੁੰਦਾ ਹੈ ਕਿ ਜ਼ਫ਼ਰਨਾਮਾ ਹਰੇਕ ਗੁਰੂ ਦੇ ਨਾਲ ਚੱਲ ਰਿਹਾ ਹੈ। ਜਿਹੜਾ ਕਿ ਪਹਿਲੇ ਨੌਂ ਗੁਰੂ ਸਾਹਿਬਾਨਾਂ ਦੀ ਜਿੰਦਗੀ ਵਿਚ ਆਪਣੇ ਅਲਿਖਤੀ ਰੂਪ ਵਿਚ ਦ੍ਰਿਸ਼ਟਮਾਨ ਹੁੰਦਾ ਹੈ ਪਰੰਤੂ ਦਸਵੇਂ ਗੁਰੂ ਗੋਬਿੰਦ ਸਿੰਘ ਜ਼ਫ਼ਰਨਾਮੇ ਨੂੰ ਲਿਖਤੀ ਰੂਪ ਪ੍ਰਦਾਨ ਕਰਦੇ ਹਨ। ਸੋ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ-ਸੱਚ ਨੇ ਆਪਣੇ ਮਿਹਰਬਾਨ ਰੂਪ ਵਿਚੋਂ ਗੁਰਬਾਣੀ ਦੀ ਰਮਜ਼ *"ਦੇਂਦਾ ਦੇ ਲੈਦੇ ਥਕਿ ਪਾਹਿ॥"* [11] ਜੇਹੀ ਬਖ਼ਸ਼ਿਸ਼ ਕਰਦਿਆਂ ਹੀ ਜ਼ਫ਼ਰਨਾਮੇ ਨੂੰ ਲਿਖਤੀ ਰੂਪ ਪ੍ਰਦਾਨ ਕੀਤਾ। ਦੂਜੇ ਲਫ਼ਜਾਂ ਵਿਚ ਜਿਵੇਂ ਕਿ ਅਸੀਂ ਏਸੇ ਪ੍ਰਸੰਗ ਚ ਦੇਖਿਆ ਹੈ ਕਿ ਸਹਿਨਸ਼ਾਹ ਔਰੰਗਜੇਬ ਪਛਤਾਵੇ ਦੇ ਰੂਪ ਵਿਚ ਅਖੀਰ ਨੂੰ ਚਾਹੁੰਦੇ ਹੋਏ ਵੀ ਗੁਰੂ ਸਾਹਿਬ ਦੇ ਦੀਦਾਰ ਨੂੰ ਹਾਸਲ ਨਹੀਂ ਕਰ ਸਕਿਆ, ਕਿਉਂਕਿ ਉਹ ਅਸਲ ਵਿਚ ਥਕਿ ਪਾਹਿ ਦੇ ਪੜਾਅ ਉੱਤੇ ਪਹੁੰਚਿਆ ਹੋਇਆ ਹੀ ਪ੍ਰਤੀਤ ਹੋ ਰਿਹਾ। ਇਥੇ ਇਸ ਖਿਆਲ ਦੀ ਪ੍ਰੋੜਤਾ ਲਈ ਹਵਾਲਾ ਪੇਸ਼ ਕਰਨਾ ਵਧੇਰੇ ਉਚਿਤ ਸਮਝਾਂਗੇ:

> *"ਮੈਂ ਇਕ ਬਦ-ਇਨਸਾਨ ਹਾਂ ਅਤੇ ਜਾਣਦਾ ਹਾਂ ਕਿ ਮੈਂ ਐਸਾ ਹਾਂ। ਪਰ ਹੇ ਕਰੀਮੋ ਕਮਾਲ ਅੱਲਾ ! ਮੇਰੇ ਪਿੱਛੋਂ ਆਉਣ ਵਾਲੇ ਮੇਰੇ ਨਾਲੋਂ ਵੀ ਵਡੇਰੇ ਗੁਨਾਹਗਾਰਾਂ ਨੂੰ ਗੁਨਾਹ ਤੋਂ ਬਖ਼ਸ਼ਣਾ ...ਹਾਇ ! ਹਾਇ ! ਮੇਰੀ ਜਿੰਦਗੀ ਐਵੇਂ ਹੀ ਬੀਤ ਗਈ। ਦੁਨੀਆਂ ਕੰਮਾਂ-ਕਾਜਾਂ ਵਿਚ ਗੁਆਚ ਗਈ ਅਤੇ ਈਮਾਨ ਵੀ ਹੱਥਾਂ ਤੋਂ ਤਿਲਕ ਗਿਆ। ਮੈਂ ਰੱਬ ਨੂੰ ਨਾਰਾਜ਼ ਕੀਤਾ ਅਤੇ ਲੋਕ ਵੀ ਖੁਸ਼ ਨਾਂਹ ਹੋਏ। ... ਪਾਪਾਂ ਦੇ ਸਾਗਰ ਵਿਚ ਡੁੱਬੇ ਹੋਏ ਇਸ ਆਦਮੀ ਦੇ ਰਾਜ ਦੇ ਘੋਰ–ਕਾਲੇ ਦਿਨ... ਧਰਤੀ ਕਬਰ ਵਿਚ ਬੈਠੀ ਬਾਹਾਂ ਖੋਲ੍ਹ ਕੇ ਇੰਤਜਾਰ ਕਰਦੀ ਹੈ, ਪਰ ਇਹ ਆਦਮੀ ਆਪਣਾ ਘਰ ਸਜਾਉਣ ਵਿਚ ਲੱਗਿਆ ਹੋਇਆ ਹੈ। ਜਲਦੀ ਹੀ ਲਾਲਚ, ਨਫ਼ਸ ਅਤੇ ਬੇਪਰਵਾਹੀ ਕਾਰਨ ਉਸਦੀਆਂ ਹੱਡੀਆਂ ਅਤੇ ਮਾਸ ਇਕ ਦੂਜੇ ਨਾਲੋਂ ਟੁੱਟ ਤੇ ਡਿੱਗ ਪੈਣਗੇ।"*[12]

ਇਸ ਤੋਂ ਇਲਾਵਾ, ਜ਼ਫ਼ਰਨਾਮੇ ਦੇ ਅਦ੍ਰਿਸ਼ਟ ਰੂਪ ਦੀਆਂ ਅੰਤ੍ਰੀਵੀ ਗਹਿਰਾਈਆਂ ਤੋਂ ਇਹ ਤਾਂ ਸਪੱਸ਼ਟ ਹੀ ਹੈ ਕਿ ਚਾਹੇ ਬਾਬਰ ਦਾ ਗੁਰੂ ਨਾਨਕ ਸਾਹਿਬ ਨੂੰ ਪੇਸ਼ ਕੀਤਾ ਭੰਗ ਦਾ ਪਿਆਲਾ ਹੋਵੇ, ਚਾਹੇ ਜੋਗੀਆਂ/ ਸਿੱਧਾਂ ਨਾਲ ਕੀਤੀਆਂ ਗੋਸ਼ਟਾਂ ਹੋਵਣ, ਚਾਹੇ ਹਮਾਯੂੰ ਦੀ ਗੁਰੂ ਵੱਲ ਗੁੱਸੇ ਨਾਲ ਭਰੇ –ਭੀਤਰੇ ਦੀ ਖਿੱਚੀ ਤਲਵਾਰ ਹੋਵੇ, ਚਾਹੇ ਪੰਜਵੇਂ ਨਾਨਕ ਦੀ ਅਡੋਲਤਾ ਦੇ ਸਨਮੁੱਖ ਤੱਤੀ ਤਵੀ ਹੋਵੇ ਅਤੇ ਜਾਂ ਮੀਰੀ-ਪੀਰੀ ਦੇ ਮਾਲਕ ਲਈ ਗਵਾਲੀਅਰ ਦਾ ਕਿਲ੍ਹਾ ਹੋਵੇ ਇਤਿਆਦਿ ਅਸਚਰਜ –ਜਨਕ ਫ਼ਤਹ ਜ਼ਫ਼ਰਨਾਮੇ ਦੀ ਅਦ੍ਰਿਸ਼ਟ ਛੋਹ ਦੇ ਬੇਮਿਸਾਲ ਹੋਣ ਦਾ ਫੈਸਲਾ ਹੈ। ਲੇਖਕ ਹਰਿੰਦਰ ਸਿੰਘ ਮਹਿਬੂਬ ਨੇ ਦਰਸਾਇਆ ਹੈ ਕਿ ਗੁਰੂ ਗੋਬਿੰਦ ਸਿੰਘ ਰਚਿਤ 'ਜ਼ਫ਼ਰਨਾਮੇ' ਦੀ ਅਦ੍ਰਿਸ਼ਟ ਹੋਂਦ ਦਾ ਸੁਜੀਵ ਅਹਿਸਾਸ ਦਸਾਂ ਪਾਤਸ਼ਾਹੀਆਂ ਦੇ ਸਮੁੱਚੇ ਜੀਵਨ ਅਮਲ ਵਿਚ ਅਭੇਦ ਹੈ। ਇਨ੍ਹਾਂ ਉਪਰੋਕਤ ਖਿਆਲਾਂ ਦੀ ਦ੍ਰਿੜਤਾ ਕਰਵਾਉਣ ਲਈ ਅਸੀਂ 'ਸਹਿਜੇ ਰਚਿਓ ਖਾਲਸਾ' ਵਿਚੋਂ ਹੀ ਸੰਖੇਪ ਹਵਾਲਾ ਪੇਸ਼ ਕਰਨਾ ਵਧੇਰੇ ਯੋਗ ਸਮਝਾਂਗੇ:

> *"ਖ਼ਤ ਦਾ ਡੂੰਘਾ ਅਧਿਐਨ ਦੱਸੇਗਾ ਕਿ ਜ਼ਫ਼ਰਨਾਮਾ ਅਥਾਹ ਗੰਭੀਰਤਾ ਵਾਲੀ ਰਚਨਾ ਹੈ ਖ਼ਤ ਗੁਰੂ ਨਾਨਕ-ਸੱਚ ਦੇ ਲਤੀਫ਼ ਇਸ਼ਾਰਿਆਂ ਨਾਲ ਭਰਪੂਰ ਹੈ। ਸਮਕਾਲੀ ਇਤਿਹਾਸ ਦੀਆਂ ਯਥਾਰਥਕ ਘਟਨਾਵਾਂ ਅਧਿਆਤਮਕ ਖੂਬਸੂਰਤੀ ਦੇ ਅਸਗਾਹ ਨਾਲ ਜੁੜੀਆਂ ਹੋਈਆਂ ਹਨ, ਅਤੇ ਇਸ ਦੀ ਅਸਚਰਜ-ਜਨਕ ਸਾਦਗੀ ਓਹਲੇ ਅਨੇਕ ਦੈਵੀ ਭੇਦ ਹਨ।"* [13]

ਜਿਵੇਂ ਕਿ ਉਪਰੋਕਤ ਪ੍ਰਸੰਗ ਵਿਚ ਜਾਹਿਰ ਹੈ ਕਿ ਹਰਿੰਦਰ ਸਿੰਘ ਮਹਿਬੂਬ ਨੇ ਜ਼ਫ਼ਰਨਾਮੇ ਦੇ ਇਸ ਸੂਖ਼ਮ ਰਹੱਸ ਨੂੰ ਵੀ ਪਹਿਲੀ ਵਾਰ ਛੋਹਿਆ ਹੈ ਕਿ ਭਾਵੇਂ ਜ਼ਫ਼ਰਨਾਮਾ ਲਿਖਤੀ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਰਾਹੀਂ ਉਸ ਸਮੇਂ ਹੋਂਦ ਵਿਚ ਆਇਆ ਪਰੰਤੂ ਇਸ ਜ਼ਫ਼ਰਨਾਮੇ ਦੀ ਅਦ੍ਰਿਸ਼ਟ ਹੋਂਦ ਦਾ ਸੁਜੀਵ ਅਹਿਸਾਸ ਹਰ ਗੁਰੂ ਦੀ ਬਾਣੀ ਅਤੇ ਉਸਦੇ ਜੀਵਨ ਅਮਲ ਦੇ ਅੰਗ-ਸੰਗ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਇਹ ਜ਼ਫ਼ਰਨਾਮਾ ਲਿਖਿਆ ਉਸ ਤੋਂ ਬਹੁਤ ਥੋੜ੍ਹਾ ਸਮਾਂ ਪਹਿਲਾ ਉਨ੍ਹਾਂ ਨੇ ਆਪਣੀ ਆਖਰੀ ਜੰਗ ਮੁਕਤਸਰ ਦੇ ਸਥਾਨ ਤੇ ਚਾਲੀ ਮੁਕਤਿਆਂ ਦੀ ਵਾਪਸੀ ਉਪਰੰਤ ਲੜੀ; ਵਿਸ਼ਵ ਪੈਗ਼ੰਬਰਾਂ ਦੇ ਸੰਬੰਧ ਵਿਚ ਦੁਨੀਆਂ ਦੀ ਇਹ ਸਭ ਤੋਂ ਮਹਾਨ ਪਵਿੱਤਰ ਮਹਾਂ-ਜੰਗ ਹੈ, ਜਿਸ ਦੇ ਅਰਥ ਅਤੇ ਗਹਿਰਾਈ ਅਕੱਥ ਹਨ। ਅਸੀਂ ਆਪਣੇ ਖਿਆਲ ਦੀ ਵਧੇਰੇ ਪ੍ਰੋੜਤਾ ਲਈ ਲੇਖਕ ਦੇ ਹੂ-ਬ-ਹੂ ਸ਼ਬਦਾਂ ਵਿਚ ਹਵਾਲਾ ਦੇਣਾ ਯੋਗ ਸਮਝਦੇ ਹਾਂ, ਤਾਂ ਕਿ ਜ਼ਫ਼ਰਨਾਮੇ ਦੇ ਲਿਖਤੀ ਰੂਪ ਦਾ ਗੁਰੂ ਜਿੱਤ ਦੀ ਸਦੀਵੀ ਰੂਹਾਨੀ ਗਵਾਹੀ ਵਾਲਾ ਭੇਦ ਪੂਰੀ ਤਰ੍ਹਾਂ ਨਾਲ ਪ੍ਰਤੱਖ ਹੋ ਸਕੇ:

> *"ਹਜ਼ੂਰ ਦਾ ਲਿਖਿਆ ਜ਼ਫ਼ਰਨਾਮਾ ਇਹਨਾਂ ਜੰਗਾਂ ਦੀ ਅਡੋਲਤਾ ਦਾ*

*ਸਿਖਰੀ ਰੂਪ ਹੈ ਅਤੇ ਉਸਦੀ ਸੂਖਮ ਪ੍ਰਕ੍ਰਿਤੀ ਜਾਂ ਖਾਲਸ ਕੁਦਰਤ ਕੁੱਲ ਗੁਰੂ ਜੰਗਾਂ ਅੰਦਰ ਪ੍ਰਵਾਹਤ ਹੈ। ਹਜ਼ੂਰ ਇਕ ਐਸੀ ਉੱਚੀ ਸੁਰਤਿ ਉੱਤੇ ਪਹੁੰਚੇ ਹੋਏ ਹਨ, ਜਿੱਥੋਂ ਦੁਸ਼ਮਨ ਦੇ ਸਭ ਕਹਿਰੀ ਵਾਰ ਉਹਨਾਂ ਨੂੰ ਬੱਚਿਆਂ ਦੀਆਂ ਨਾਦਾਨੀਆਂ ਪ੍ਰਤੀਤ ਹੁੰਦੇ ਹਨ।"* [14]

ਦੂਸਰੇ ਪਾਸੇ ਉਪਰੋਕਤ ਦਰਸਾਈ ਇਸ ਜੰਗ ਵਿਚ ਚਾਲੀ ਮੁਕਤੇ ਗੁਰੂ ਤੋਂ ਸੰਗਤ ਦੇ ਰੂਪ ਵਿਚ ਵਿਛੜਿਆ ਉਹ ਵਿਸ਼ੇਸ਼ ਅੰਗ ਹੈ ਜਿਹੜਾ ਕਿ ਗੁਰੂ ਤੋਂ ਬੇਮੁੱਖ ਹੋ ਕੇ ਵਿਛੜਨ ਉਪਰੰਤ ਕੇਵਲ ਸ਼ਹਾਦਤ ਰਾਹੀਂ ਹੀ ਗੁਰੂ ਲਿਵ ਵਿਚ ਅਭੇਦ ਹੋ ਸਕਦਾ ਹੈ। ਸ਼ਹਾਦਤ ਤੋਂ ਬਿਨਾਂ ਇਸ ਰੂਪ ਵਿਚ ਵਿਛੜਿਆ ਖਾਲਸਾ ਗੁਰੂ ਨੂੰ ਕਿਸੇ ਤਰ੍ਹਾਂ ਨਾਲ ਵੀ ਪ੍ਰਵਾਨ ਨਹੀਂ, ਪਰੰਤੂ ਜਦੋਂ ਇਹ ਵਿਛੜਿਆ ਖਾਲਸਾ ਸ਼ਹਾਦਤ ਉਪਰੰਤ ਵਿਛੋੜੇ ਦੇ ਵੈਰਾਗ ਦੀ ਸ਼ਿੱਦਤ ਵਿਚ ਗੁਰੂ ਦੀ ਹਾਜ਼ਰੀ ਵਿਚ ਸ਼ਹਾਦਤ ਪ੍ਰਾਪਤ ਕਰਦਾ ਹੈ ਤਾਂ ਉਸਨੂੰ ਖਾਲਸੇ ਵਿਚ ਉਹ ਨਿਆਰਾ ਸਥਾਨ ਪ੍ਰਾਪਤ ਹੁੰਦਾ ਹੈ ਜਿਸ ਨੂੰ ਕਿ ਸਿੱਖ ਇਤਿਹਾਸ ਦੇ ਗੁਰੂਆਂ ਅਤੇ ਯੋਧਿਆਂ ਵਿਚ ਇਕ ਵਿਸ਼ੇਸ਼ ਤੇ ਨਿਆਰਾ ਸਥਾਨ ਪ੍ਰਾਪਤ ਹੈ। ਸਿੱਖ ਅਰਦਾਸ ਵਿਚ ਪੰਜ ਪਿਆਰੇ, ਚਾਰ ਸਾਹਿਬਜਾਦੇ ਅਤੇ ਇਸ ਪਿੱਛੋਂ ਚਾਲੀ ਮੁਕਤਿਆਂ ਦਾ ਜਿਕਰ ਆਉਣਾ ਖਾਲਸਾ ਪੰਥ ਦੀ ਅਕਾਲ ਫ਼ਤਹ ਨਾਲ ਜੁੜੀ ਉੱਚੀ ਸੁਰਤਿ ਵਿਚ ਵਿਸ਼ੇਸ਼ ਸਥਾਨ ਹਾਸਲ ਹੋਣ ਦੀ ਗਵਾਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਜਿਸ ਅੰਦਾਜ਼ ਵਿਚ ਲਿਖਿਆ ਉਸ ਅੰਦਾਜ਼ ਤੋਂ ਉਨ੍ਹਾਂ ਦੀ ਵਿਸ਼ਵ ਧਰਮਾਂ ਦੇ ਪੈਗ਼ੰਬਰਾਂ ਅਤੇ ਅਵਤਾਰਾਂ ਵਿਚੋਂ ਇਕ ਬੁਲੰਦ ਉਚਾਈ ਦਾ ਪਤਾ ਲਗਦਾ ਹੈ ਅਤੇ ਦੂਸਰਾ ਇਹ ਵੀ ਕਿ ਉਨ੍ਹਾਂ ਨੇ ਖਾਲਸੇ ਨੂੰ ਜਿਹੜਾ ਮਹਾਨ ਜੀਵਨ ਪ੍ਰਦਾਨ ਕੀਤਾ ਹੈ ਉਹਦੇ ਸਿਦਕ ਦੇ ਰਾਹ ਸਦਾ ਹੀ ਆਬਾਦ ਰਹਿਣਗੇ। ਅਸੀਂ ਆਪਣੇ ਖਿਆਲ ਦੀ ਦ੍ਰਿੜਤਾ ਲਈ ਏਥੇ ਹਰਿੰਦਰ ਮਹਿਬੂਬ ਦਾ ਹਵਾਲਾ ਪੇਸ਼ ਕਰਨਾ ਵਧੇਰੇ ਯੋਗ ਸਮਝਾਂਗੇ :

*"ਜ਼ਫ਼ਰਨਾਮਾ ਇਕ ਜਬਰਦਸਤ ਸੰਕੇਤ ਹੈ, ਕਿ ਅੱਜ ਦੁਨੀਆ ਦੀਆਂ ਬਾਦਸ਼ਾਹੀਆਂ ਸਾਹਮਣੇ ਖਾਲਸੇ ਨੂੰ ਅਡੋਲ ਸਿਦਕ ਵਿਚ ਗੁਰੂ ਗੋਬਿੰਦ ਸਿੰਘ ਆਪਣੀ ਜਿੰਦਗੀ ਦੇ ਰਿਹਾ ਹੈ, ਅਤੇ ਉਹ ਜਿੰਦਗੀ ਖਾਲਸੇ ਦੇ ਦਿਲਾਂ ਨੂੰ ਔਰੰਗਜੇਬ ਕਿਸਮ ਦੀ ਸ਼ਾਨ ਉੱਤੇ ਕਦੇ ਵੀ ਮੋਹਤ ਨਹੀਂ ਹੋਣ ਦੇਵੇਗੀ। ... ਜਦੋਂ ਗੁਰੂ ਜੀ ਨੇ ਜ਼ਫ਼ਰਨਾਮਾ ਔਰੰਗਜੇਬ ਵੱਲ ਲਿਖਿਆ ਸੀ, ਉਦੋਂ ਖਾਲਸਾ ਮਾਮੂਲੀ ਗਿਣਤੀ ਵਿਚ ਰਹਿ ਗਿਆ ਸੀ, ਪਰ ਸ਼ਹੀਦੀਆਂ ਦੇ ਉਹਨਾਂ ਮਹਾਨ ਦਿਨਾਂ ਪਿਛੋਂ ਜਦੋਂ 'ਜ਼ਫ਼ਰਨਾਮਾ' ਲਿਖਿਆ, ਖਾਲਸਾ ਕਾਲ ਦੀ ਅਦ੍ਰਿਸ਼ਟਤਾ ਵਿਚ ਮੁੜ ਜਿੰਦਾ ਹੋ ਗਿਆ ਸੀ। ਉਹਨਾਂ ਨੇ ਸੰਕੇਤ ਦਿੱਤਾ ਕਿ ਜੇ ਸਿਦਕ ਦੇ ਰਾਹ ਆਬਾਦ ਹਨ, ਤਾਂ ਬੇਸ਼ੱਕ ਸਾਰੀ ਕੌਮ ਹੀ ਸ਼ਹੀਦ ਹੋ ਜਾਵੇ, ਸਿਦਕ ਦੇ ਰਾਹ ਆਪਣੀ ਮਿੱਟੀ ਨਾਲ ਖਾਲਸਾ ਮੁੜ ਸਾਜ ਲੈਣਗੇ।"* [15]

ਗੁਰੂ ਗੋਬਿੰਦ ਸਿੰਘ ਜੀ 'ਜ਼ਫ਼ਰਨਾਮਾ' ਵਿਚ ਔਰੰਗਜੇਬ ਨੂੰ ਇਕ ਚੋਣਵਾਂ ਸਥਾਨ ਨਿਸ਼ਚਿਤ ਕਰਦੇ ਹਨ। ਉਸਨੂੰ ਵੱਡੀਆਂ ਬਖ਼ਸ਼ਿਸ਼ਾਂ ਦਾ ਮਾਲਿਕ, ਇਲਾਹੀ ਨੂਰ ਵਾਲਾ ਅਡੋਲ ਯੋਧਾ ਅਤੇ ਮਾਹਿਰ ਘੋੜੇ ਦਾ ਸਵਾਰ ਹੋਣ ਦੇ ਨਾਲ ਹੱਦ ਦਰਜੇ ਦਾ ਦਾਨੀ ਅਤੇ ਸੂਝਵਾਨ ਮੰਨਦੇ ਹਨ। ਗੁਰੂ ਇਥੇ ਆਪਣੇ ਤੇ ਬੇਗਾਨੇ ਦਾ ਫ਼ਰਕ ਮਿਟਾ ਕੇ ਔਰੰਗਜੇਬ ਨੂੰ ਇਹ ਯਕੀਨ ਕਰਵਾ ਦਿੰਦੇ ਹਨ ਕਿ ਰੱਬ ਵੱਲੋਂ ਆਏ ਕੁਰਾਨ ਦੀਆਂ ਹਦਾਇਤਾਂ ਦਾ ਪਾਲਣ ਕਰਦਿਆਂ ਉਨ੍ਹਾਂ ਉਤੇ ਪੂਰਾ ਉਤਰਨ ਦੇ ਤੂੰ ਕਿਥੋਂ ਕੁ ਤੱਕ ਯੋਗ ਜਾਂ ਅਯੋਗ ਹੈਂ। ਉਹ ਔਰੰਗਜੇਬ ਨੂੰ ਆਪਣੀ ਗੁਰੂ ਬੁਲੰਦੀ ਦੀ ਅਕੱਥ ਸਹਿਜ ਵਾਲੀ ਉਚਾਈ ਤੋਂ ਵੇਖਦਿਆਂ ਉਸਨੂੰ 'ਕੁਰਾਨ' ਦੇ ਕਾਇਦੇ ਕਾਨੂੰਨਾਂ ਦੀ ਪਾਲਣਾ ਕਰਨ ਪ੍ਰਤੀ ਸਹੀ ਪ੍ਰਵਾਨ ਨਹੀਂ ਕਰਦੇ। ਗੁਰੂ ਸਾਹਿਬ ਦੱਸਦੇ ਹਨ ਕਿ ਮੈਂ ਤੇਰੇ ਉੱਪਰ ਇਸ ਲਈ ਵਿਸ਼ਵਾਸ ਕੀਤਾ ਕਿਉਂਕਿ ਤੂੰ 'ਕੁਰਾਨ' ਦੀ ਕਸਮ ਖਾਧੀ ਸੀ ਭਾਵੇਂ ਤੂੰ 'ਕੁਰਾਨ' ਦੀ ਕਸਮ ਨੂੰ ਤੋੜਿਆ ਪਰ ਮੈਂ ਤੇਰੀ 'ਕੁਰਾਨ'ਦੀ ਕਸਮ ਤੇ ਜੇਕਰ ਯਕੀਨ ਕੀਤਾ ਤਾਂ ਉਸ ਰੱਬ ਦੀ ਮਿਹਰ ਸਦਕਾ ਨਾ ਮੈਨੂੰ ਕੋਈ ਜ਼ਖਮ ਲੱਗਿਆ,ਨਾ ਮੇਰਾ ਵਾਲ ਹੀ ਵਿੰਗਾ ਹੋਇਆ।

*ਹਰ ਆਂ ਕਸ ਬਕੌਲਿ ਕੁਰਾਂਅ ਆਯਦਸ਼। ।*
*ਕਿ ਯਜ਼ਦਾਂ ਬਰ ਓ ਰਹਿਨੁਮਾ ਆਯਦਸ਼।।* [16]

*ਨ ਪੇਚੀਦਾ ਮੂਏ ਨ ਰੰਜੀਦਾ ਤਨ। ।*
*ਕਿ ਬੇਰੂੰ ਖੁਦਾਵੁਰਦ ਦੁਸ਼ਮਨ ਸ਼ਿਕਨ।।* [17]

ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਦਾ ਜਿਕਰ ਕਰਦਿਆਂ ਖਾਲਸੇ ਦੀਆਂ ਪਵਿੱਤਰ ਜੰਗਾਂ ਵਿਚ ਵਖਰੇਵਾਂ ਕਰਦਿਆਂ ਇਨ੍ਹਾਂ ਜੰਗਾਂ ਦੀ ਆਪਣੇ-ਆਪਣੇ ਧਰਮ ਵਿਚ ਅਹਿਮੀਅਤ ਅਤੇ ਵਿਲੱਖਣਤਾ ਦਾ ਵੀ ਸਹੀ ਅੰਦਾਜਾ ਪੇਸ਼ ਕਰਦੇ ਹਨ। ਗੁਰੂ ਸਾਹਿਬ ਔਰੰਗਜੇਬ ਨੂੰ ਦੱਸਦੇ ਹਨ ਕਿ ਕਿਸ ਤਰ੍ਹਾਂ ਤੇਰੇ ਵੱਡੇ- ਵੱਡੇ ਜਰਨੈਲ ਮੇਰੇ ਤੀਰਾਂ ਤੋਂ ਭੈਅ ਖਾ ਕੇ ਛੁਪ ਗਏ। ਇਸਲਾਮ ਦੀ ਅਣਖ ਨੂੰ ਮੰਨਣ ਵਾਲਾ ਕਿਵੇਂ ਤੇਰਾ ਇਕ ਅਣਜਾਣ ਜੋਧਾ ਮੇਰੇ ਚਾਲੀ ਸਿੰਘਾਂ ਵਿਚ ਖਰੂਦ ਮਚਾਉਂਦਿਆਂ ਆ ਵੜਿਆ ਅਤੇ ਉਸਨੇ ਦਲੇਰੀ ਨਾਲ ਮੇਰੇ ਦੋ ਸਿੰਘਾਂ ਨੂੰ ਸ਼ਹੀਦ ਕੀਤਾ ਅਤੇ ਖੁਦ ਵੀ ਸ਼ਹੀਦ ਹੋ ਗਿਆ। ਜ਼ਫ਼ਰਨਾਮੇ ਦੀ ਇਹ ਘਟਨਾ ਵਿਸ਼ਵ ਜੰਗਾਂ ਵਿਚ ਪਵਿੱਤਰ ਮਹਾਂ ਜੰਗ ਲੜਨ ਪ੍ਰਤੀ ਵਿਸ਼ਵ ਅਵਤਾਰਾਂ ਅਤੇ ਪੈਗ਼ੰਬਰਾਂ ਦੇ ਸੰਬੰਧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਭ

ਤੋਂ ਉੱਚਾ ਸਥਾਨ ਸਥਾਪਿਤ ਕਰਵਾਉਣ ਪ੍ਰਤੀ ਵਿਸ਼ੇਸ਼ ਸਥਾਨ ਰੱਖਦੀ ਹੈ। ਇਕ ਪਾਸੇ ਗੁਰੂ ਪਵਿੱਤਰ ਜੰਗ ਲੜ ਰਿਹਾ ਹੈ ਅਤੇ ਦੂਜੇ ਪਾਸੇ ਉਸਦਾ ਆਪਣਾ ਹੀ ਇਕ ਰੂਪ ਰੱਬ ਦੀ ਨਿਆਈਂ ਇਸ ਜੰਗ ਵਿਚ ਸ਼ਾਮਿਲ ਦੋਵੇਂ ਪਾਸਿਆਂ ਦੇ ਯੋਧਿਆਂ ਨਾਲ ਰੱਬੀ ਨਿਆਂ ਵਰਤਾ ਰਿਹਾ ਹੈ, ਜਿਸ ਵਿਚ ਗੁਰੂ ਆਪਣੇ ਅਤੇ ਬਿਗਾਨੇ ਤੋਂ ਬਿਲਕੁਲ ਨਿਰਲੇਪ ਅਤੇ ਬੇਨਿਆਜ਼ ਹੈ। ਅਸੀਂ ਹਰਿੰਦਰ ਸਿੰਘ ਮਹਿਬੂਬ ਦੇ ਸੰਖੇਪ ਹਵਾਲੇ ਨਾਲ ਪੁਸ਼ਟੀ ਕਰਨਾ ਯੋਗ ਸਮਝਦੇ ਹਾਂ; ਤਾਂ ਜੋ ਉਪਰੋਤਕਤ ਖਿਆਲਾਂ ਦੀ ਦ੍ਰਿੜਤਾ ਨੂੰ ਯਕੀਨੀ ਬਣਾਇਆ ਜਾ ਸਕੇ :

> *"ਜ਼ਫ਼ਰਨਾਮਾ ਗੁਰੂ ਨਾਨਕ-ਅਮਲ ਦੇ ਮੁਕੰਮਲ ਹੋਣ ਦੀ ਆਖ਼ਰੀ ਛੋਹ ਹੈ, ਉਸ ਦੇ ਅਧਿਆਤਮਕ ਚਰਿੱਤਰ ਦੇ ਜੇਤੂ ਹੋਣ ਦਾ ਇਤਿਹਾਸਕ ਫੈਸਲਾ ਹੈ, ਅਤੇ ਇਹ ਵਕਤੀ ਲੋੜ ਨੂੰ ਸਾਹਮਣੇ ਰੱਖ ਕੇ ਲਿਖੀ ਗਈ ਚੀਜ਼ ਨਹੀਂ।"* [18]

ਸੋ ਅੰਤ ਵਿੱਚ ਸਮੁੱਚੇ ਰੂਪ ਵਿੱਚ ਕਿਹਾ ਜਾਂ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਾ' ਜਿਸ ਅੰਦਾਜ਼ ਵਿਚ ਲਿਖਿਆ, ਉਸ ਅੰਦਾਜ਼ ਤੋਂ ਉਨ੍ਹਾਂ ਦੀ ਵਿਸ਼ਵ ਧਰਮਾਂ ਦੇ ਪੈਗ਼ੰਬਰਾਂ ਅਤੇ ਅਵਤਾਰਾਂ ਵਿਚੋਂ ਇਕ ਬੁਲੰਦ ਉਚਾਈ ਦਾ ਪਤਾ ਲਗਦਾ ਹੈ ਅਤੇ ਦੂਸਰਾ ਇਹ ਵੀ ਕਿ ਉਨ੍ਹਾਂ ਨੇ ਖਾਲਸੇ ਨੂੰ ਜਿਹੜਾ ਮਹਾਨ ਜੀਵਨ ਪ੍ਰਦਾਨ ਕੀਤਾ ਹੈ ਉਹਦੇ ਸਿਦਕ ਦੇ ਰਾਹ ਸਦਾ ਹੀ ਆਬਾਦ ਰਹਿਣਗੇ।

## *ਹਵਾਲੇ ਅਤੇ ਟਿੱਪਣੀਆਂ*


1. *ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੰਨਾ 280*
2. *ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 506*
3. *ਫਾਰਸੀ-ਪੰਜਾਬੀ ਕੋਸ਼, ਪੰਨਾ 31*
4. *ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ, ਪੰਨਾ 597*
5. *ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੰਨਾ 953*
6. *ਉਹੀ, ਪੰਨਾ 4*
7. *ਗੁਰਬਚਨ ਸਿੰਘ ਮਾਕਿਨ, ਜ਼ਫ਼ਰਨਾਮਾ, ਪੰਨਾ 16*
8. *ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ, ਪੰਨਾ 604*
9. *ਉਹੀ, ਪੰਨਾ 523*
10. *ਉਹੀ, ਪੰਨਾ 540*
11. *ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੰਨਾ 2*
12. *ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ, ਪੰਨਾ 591*
13. *ਉਹੀ, ਪੰਨਾ 500*
14. *ਉਹੀ, ਪੰਨਾ 485*
15. *ਉਹੀ, ਪੰਨਾ 418*
16. *ਗੁਰਬਚਨ ਸਿੰਘ ਮਾਕਿਨ, ਜ਼ਫ਼ਰਨਾਮਾ, ਪੰਨਾ 15*
17. *ਉਹੀ, ਪੰਨਾ 16*
18. *ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ, ਪੰਨਾ 500*